Prosecution Service
BRITISH COLUMBIA

Crown Counsel Policy Manual

| ਪਾਲਸੀ: | | |
|---|---|---|
| **ਜੁਰਮ ਤੋਂ ਪੀੜਤ** | | |
| ਪਾਲਸੀ ਕੋਡ:<br>**VIC 1** | ਲਾਗੂ ਹੋਣ ਦੀ ਤਰੀਕ:<br>18 ਦਸੰਬਰ, 2023 | ਕਰੌਸ ਰੈਫਰੈਂਸਿਜ਼:<br>ALT 1 CHI 1 INF 1<br>IPV 1 RES 1 SEX 1<br>VUL 1 YOU 1.4 |

ਜੁਰਮ ਤੋਂ ਪੀੜਤ ਲੋਕਾਂ ਨੂੰ ਜਾਣਕਾਰੀ ਅਤੇ ਸਹਾਇਤਾ ਦੇਣਾ ਜਸਟਿਸ ਸਿਸਟਮ ਦੇ ਕਰਮਚਾਰੀਆਂ ਦਾ ਇਕ ਮਹੱਤਵਪੂਰਨ ਕੰਮ ਹੈ। ਕਰਾਊਨ ਕੌਂਸਲ ਅਤੇ ਪੇਸ਼ਾਵਰ ਸਟਾਫ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੀੜਤਾਂ ਨੂੰ ਕਮਿਊਨਿਟੀ, ਪੁਲੀਸ ਆਧਾਰਤ ਅਤੇ ਆਦਿਵਾਸੀ ਪੀੜਤਾਂ ਦੀ ਸਹਾਇਤਾ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਜੇ ਬੇਨਤੀ ਕੀਤੀ ਜਾਵੇ, ਤਾਂ ਕਰਾਊਨ ਕੌਂਸਲ ਨੂੰ ਪੀੜਤਾਂ ਨੂੰ ਗਵਾਹੀ ਦੇਣ ਲਈ ਉਪਲਬਧ ਮਦਦਾਂ (ਅਵੇਲੇਬਲ ਟੈਸਟੀਮੋਨੀਅਲ ਅਕਾਮੋਡੇਸ਼ਨ) ਅਤੇ ਉਹਨਾਂ ਦੇ ਕੇਸ ਬਾਰੇ ਜਾਣਕਾਰੀ ਤੋਂ ਸੁਚੇਤ ਕਰਨਾ ਚਾਹੀਦਾ ਹੈ (*ਵਿਕਟਿਮਜ਼ ਆਫ ਕਰਾਈਮ ਐਕਟ* (VOCA) ਅਤੇ *ਫੈਡਰਲ ਕੈਨੇਡੀਅਨ ਵਿਕਟਿਮਜ਼ ਬਿੱਲ ਆਫ ਰਾਈਟਸ*)।

ਇਹ ਪਾਲਸੀ ਕਰਾਊਨ ਕੌਂਸਲ ਨੂੰ ਪੀੜਤਾਂ ਨੂੰ ਜਾਣਕਾਰੀ ਦੇਣ ਬਾਰੇ ਉਹਨਾਂ ਦੀ ਜ਼ਿੰਮੇਵਾਰੀ ਬਾਰੇ ਸੇਧ ਪ੍ਰਦਾਨ ਕਰਦੀ ਹੈ। ਕਰਾਊਨ ਕੌਂਸਲ ਨੂੰ ਬੀ ਸੀ ਪ੍ਰੌਸੀਕਿਊਸ਼ਨ ਸਰਵਿਸ (ਬੀ ਸੀ ਪੀ ਐੱਸ) ਦੀਆਂ ਹੇਠ ਲਿਖੀਆਂ ਪਾਲਸੀਆਂ ਸਮੇਤ ਹੋਰ ਪਾਲਸੀਆਂ ਨਾਲ ਸੰਬੰਧਿਤ ਸੇਧ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ,

- *ਚਾਈਲਡ ਵਿਕਟਿਮਜ਼ ਐਂਡ ਵਿਟਨੈਸਜ਼* (CHI 1)
- *ਇਨਟੀਮੇਟ ਪਾਰਟਨਰ ਵਾਇਲੈਂਸ* (IPV 1)
- *ਰੈਜ਼ੋਲੂਸ਼ਨ ਡਿਸਕਸ਼ਨਜ਼* (RES 1)
- ਸੈਕਸੂਅਲ ਓਫੈਂਸਿਜ਼-ਅਡਲਟ ਵਿਕਟਿਮਜ਼ (SEX 1)
- *ਵੌਲਨੇਰੇਬਲ ਵਿਕਟਿਮਜ਼ ਐਂਡ ਵਿਟਨੈਸਜ਼* (VUL 1)

## ਪੀੜਤਾਂ ਅਤੇ ਪੀੜਤਾਂ ਨੂੰ ਸੇਵਾਵਾਂ ਦੇਣ ਵਾਲੇ ਪ੍ਰੋਗਰਾਮਾਂ ਨੂੰ ਜਾਣਕਾਰੀ ਦੇਣਾ

*ਕ੍ਰਿਮੀਨਲ ਕੋਡ* ਦੇ ਸੈਕਸ਼ਨ 2 ਵਿਚ ਪੀੜਤ ਨੂੰ ਪਰਿਭਾਸ਼ਤ ਕੀਤਾ ਗਿਆ ਹੈ, ਅਤੇ ਸੈਕਸ਼ਨ 2.2 ਇਹ ਪਰਿਭਾਸ਼ਤ ਕਰਦਾ ਹੈ ਕਿ ਕਦੋਂ ਕੋਈ ਹੋਰ ਪੀੜਤ ਵਲੋਂ ਕਾਰਵਾਈ ਕਰ ਸਕਦਾ ਹੈ।

ਵੀ ਓ ਸੀ ਏ (VOCA) ਮੰਗ ਕਰਦਾ ਹੈ ਕਿ ਪੁਲੀਸ ਇਕ ਪੀੜਤ ਨੂੰ ਜਸਟਿਸ ਸਿਸਟਮ (ਨਿਆਂ ਪ੍ਰਬੰਧ) ਦੀ ਬਣਤਰ ਅਤੇ

ਕੰਮ ਕਰਨ ਦੇ ਢੰਗ, ਵਿਕਟਿਮ ਸਰਵਿਸਜ਼ (ਪੀੜਤ ਲਈ ਸੇਵਾਵਾਂ), *ਫ੍ਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ*, *ਕ੍ਰਿਮੀਨਲ ਇਨਜਰੀ ਕੰਪਨਸੇਸ਼ਨ ਐਕਟ* ਅਤੇ ਵੀ ਓ ਸੀ ਏ (VOCA) ਨਾਲ ਸੰਬੰਧਿਤ ਆਮ ਜਾਣਕਾਰੀ ਦੇਵੇ। ਜੇ ਕਰਾਊਨ ਕੌਂਸਲ ਨੂੰ ਪਤਾ ਲੱਗੇ ਕਿ ਪੀੜਤ ਨੂੰ ਪੁਲੀਸ ਤੋਂ ਇਹ ਜਾਣਕਾਰੀ ਨਹੀਂ ਮਿਲੀ ਤਾਂ ਕਰਾਊਨ ਕੌਂਸਲ ਜਾਂ ਪੇਸ਼ਾਵਰ ਸਟਾਫ ਨੂੰ ਪੀੜਤ ਨੂੰ ਇਹ ਜਾਣਕਾਰੀ ਦੇਣੀ ਚਾਹੀਦੀ ਹੈ।

ਜੇ ਪੀੜਤ ਵਲੋਂ ਬੇਨਤੀ ਕੀਤੀ ਜਾਵੇ, *ਯੂਥ ਕ੍ਰਿਮੀਨਲ ਜਸਟਿਸ ਐਕਟ* ਦੇ ਆਧਾਰ ’ਤੇ, ਅਤੇ ਜਦੋਂ ਤੱਕ ਇਹ ਕਿਸੇ ਜਾਂਚ ਜਾਂ ਮੁਕੱਦਮੇ ਦੀ ਕਾਰਵਾਈ ਨੂੰ ਪ੍ਰਭਾਵਿਤ ਨਾ ਕਰਦੀ ਹੋਵੇ, ਕਰਾਊਨ ਕੌਂਸਲ ਨੂੰ ਪੀੜਤ ਨੂੰ ਹੇਠਾਂ ਦਿੱਤਿਆਂ ਬਾਰੇ ਦੱਸਣਾ ਚਾਹੀਦਾ ਹੈ:

- ਕਥਿੱਤ ਦੋਸ਼ੀ ’ਤੇ ਲਾਏ ਦੋਸ਼ਾਂ ਵਿੱਚੋਂ ਕਿਸੇ ਦਾ ਨਿਪਟਾਰਾ ਕਰਨ ਬਾਰੇ

- ਕਿਸੇ ਵੀ ਆਉਣ ਵਾਲੀਆਂ ਪੇਸ਼ੀਆਂ ਬਾਰੇ ਜਿਹਨਾਂ ਵਿੱਚ ਅੰਤਿਮ ਨਿਪਟਾਰੇ, ਸਜ਼ਾ ਜਾਂ ਕਥਿਤ ਦੋਸ਼ੀ ਨੂੰ ਰਿਹਾ ਕਰਨ ਦੀ ਸਥਿਤੀ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਹੋਵੇ

- ਹਰ ਉਸ ਪੇਸ਼ੀ ਦੇ ਨਤੀਜੇ ਬਾਰੇ ਜਿਸ ਵਿੱਚ ਅੰਤਿਮ ਨਿਪਟਾਰੇ, ਸਜ਼ਾ ਜਾਂ ਕਥਿਤ ਦੋਸ਼ੀ ਨੂੰ ਰਿਹਾ ਕਰਨ ਦੀ ਸਥਿਤੀ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਹੋਵੇ

ਬਹੁਤੇ ਗੰਭੀਰ ਅਪਰਾਧਾਂ ਲਈ, ਅਦਾਲਤ ਲਈ ਕਰਾਊਨ ਕੌਂਸਲ ਤੋਂ ਇਹ ਪੁੱਛਣਾ ਜ਼ਰੂਰੀ ਹੈ ਕਿ ਕੀ ਪੀੜਤ ਨੂੰ ਦੋਸ਼ ਨੂੰ ਕਬੂਲ ਕਰਨ ਦੇ ਕਿਸੇ ਪ੍ਰਬੰਧ (ਪਲੀ ਅਰੇਂਜਮੈਂਟ) ਬਾਰੇ ਜਾਣਕਾਰੀ ਦਿੱਤੀ ਗਈ ਹੈ (ਸੈਕਸ਼ਨ 606 (4.1) ਅਤੇ (4.2))।

ਜੇ ਕਥਿੱਤ ਦੋਸ਼ੀ ਨੂੰ ਰਿਹਾ ਕਰ ਦਿੱਤਾ ਜਾਂਦਾ ਹੈ ਅਤੇ ਪੀੜਤ ਦੀ ਸੁਰੱਖਿਆ ਬਾਰੇ ਕੋਈ ਫਿਕਰ ਹੋਣ, ਤਾਂ ਕਰਾਊਨ ਕੌਂਸਲ ਨੂੰ ਇਹ ਯਕੀਨੀ ਬਣਾਉਣ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ ਕਿ ਪੀੜਤ ਨੂੰ ਰਿਹਾਈ ਦੀਆਂ ਸ਼ਰਤਾਂ ਅਤੇ ਉਹਨਾਂ ਵਿੱਚ ਭਵਿੱਖ ਵਿੱਚ ਹੋਣ ਵਾਲੀਆਂ ਤਬਦੀਲੀਆਂ ਬਾਰੇ ਦੱਸਿਆ ਗਿਆ ਹੈ।

ਜੇ ਪੀੜਤ ਨੇ ਲਿਖਤੀ ਸਹਿਮਤੀ ਦਿੱਤੀ ਹੋਈ ਹੈ, ਤਾਂ ਕਰਾਊਨ ਕੌਂਸਲ ਵਿਕਟਿਮ ਸਰਵਿਸਜ਼ ਦੇ ਕਿਸੇ ਪ੍ਰੋਗਰਾਮ ਨੂੰ ਪੀੜਤ ਬਾਰੇ ਜਾਣਕਾਰੀ (ਜਿਵੇਂ ਸੰਪਰਕ ਜਾਣਕਾਰੀ, ਪੀੜਤ ਦਾ ਬਿਆਨ) ਦੇ ਸਕਦਾ ਹੈ। ਕਰਾਊਨ ਕੌਂਸਲ ਦੋਸ਼ ਅਤੇ ਮੁਕੱਦਮੇ ਦੀ ਸਥਿਤੀ ਬਾਰੇ ਪੀੜਤ ਅਤੇ ਵਿਕਟਿਮ ਸਰਵਿਸਜ਼ ਦੇ ਪ੍ਰੋਗਰਾਮ ਨੂੰ ਜਾਣਕਾਰੀ ਦੇ ਸਕਦਾ ਹੈ, ਜਿਵੇਂ *ਇਨਫਰਮੇਸ਼ਨ ਰਿਕੁਇਸਟ ਫਰੌਮ ਥਰਡ ਪਾਰਟੀਜ਼* (INF 1) ਪਾਲਸੀ ਵਿੱਚ ਦੱਸਿਆ ਗਿਆ ਹੈ। ਕਰਾਊਨ ਕੌਂਸਲ ਨੂੰ ਇਸ ਗੱਲ ’ਤੇ ਗੌਰ ਕਰਨਾ ਚਾਹੀਦਾ ਹੈ ਕਿ ਕੀ *ਯੂਥ ਕ੍ਰਿਮੀਨਲ ਜਸਟਿਸ ਐਕਟ*, ਜ਼ਮਾਨਤ ਦੀ ਸੁਣਵਾਈ ਦੌਰਾਨ ਦਿੱਤੇ ਕਿਸੇ ਅਦਾਲਤ ਦੇ ਹੁਕਮ (ਸੈਕਸ਼ਨ 517), ਮੁਢਲੀ ਜਾਂਚ (ਪ੍ਰਿਲਿਮਨਰੀ ਇਨਕੁਆਰੀ) (ਸੈਕਸ਼ਨ 539) ਜਾਂ ਜੂਰੀ ਟਰਾਇਲ (ਸੈਕਸ਼ਨ 648) ਜਾਂ ਕਿਸੇ ਵੀ *ਗੁਪਤ (ਇਨ ਕੈਮਰਾ)* ਕਾਰਵਾਈ ਕਾਰਨ ਕੋਈ ਬੰਦਸ਼ਾਂ ਤਾਂ ਨਹੀਂ ਲਾਈਆਂ ਗਈਆਂ।

## ਗਵਾਹੀ ਦੇਣ ਵਿੱਚ ਮਦਦਾਂ

ਜਦੋਂ ਵੀ ਢੁਕਵਾਂ ਹੋਵੇ ਉਦੋਂ ਕਰਾਊਨ ਕੌਂਸਲ ਨੂੰ, ਸਾਰੇ ਪ੍ਰਸੰਗਕ ਪੱਖਾਂ ਨੂੰ ਧਿਆਨ ਵਿੱਚ ਰੱਖਦਿਆਂ, ਸਮੇਤ ਇਸ ਦੇ ਕਿ ਕੀ ਗਵਾਹ ਨੇ ਮਦਦ (ਅਕਾਮੋਡੇਸ਼ਨ) ਲਈ ਬੇਨਤੀ ਕੀਤੀ ਹੈ, ਗਵਾਹੀ ਦੇਣ ਵਿੱਚ ਮਦਦ (ਟੈਸਟੀਮੋਨੀਅਲ ਅਕਾਮੋਡੇਸ਼ਨ) ਦੇ ਆਰਡਰ ਲਈ ਅਰਜ਼ੀ ਕਰਨੀ ਚਾਹੀਦੀ ਹੈ (ਸੈਕਸ਼ਨ 486.1, 486.2, ਅਤੇ 486.3)। ਕਰਾਊਨ ਕੌਂਸਲ ਨੂੰ ਪੀੜਤਾਂ ਨੂੰ ਗਵਾਹੀ ਦੇਣ ਵਿੱਚ ਉਪਲਬਧ ਮਦਦਾਂ (ਅਵੇਲੇਬਲ ਟੈਸੀਟੀਮੋਨੀਅਲ ਅਕਾਮੋਡੇਸ਼ਨਜ਼) ਅਤੇ ਮਦਦ (ਅਕਾਮੋਡੇਸ਼ਨ) ਲਈ ਅਰਜ਼ੀ ਦੇਣ ਦੇ ਉਹਨਾਂ ਦੇ ਹੱਕ ਬਾਰੇ ਜਾਣੂ ਕਰਵਾਉਣਾ ਚਾਹੀਦਾ ਹੈ।

ਬਹੁਤ ਘੱਟ ਕੇਸਾਂ ਵਿੱਚ, ਕਰਾਊਨ ਕੌਂਸਲ ਸੈਕਸ਼ਨ 486.31 ਅਧੀਨ ਕਾਰਵਾਈ ਦੌਰਾਨ ਕਿਸੇ ਪੀੜਤ ਜਾਂ ਗਵਾਹ ਦੀ ਪਛਾਣ ਕਰ ਸਕਣ ਵਾਲੀ ਕਿਸੇ ਵੀ ਜਾਣਕਾਰੀ ਨੂੰ ਨਾ ਜ਼ਾਹਰ ਕਰਨ ਦਾ ਨਿਰਦੇਸ਼ ਦੇਣ ਵਾਲੇ ਪਛਾਣ ਨੂੰ ਗੁਪਤ ਰੱਖਣ ਦਾ ਆਰਡਰ ਲੈਣ ਲਈ ਅਰਜ਼ੀ ਕਰਨ ਬਾਰੇ ਜਾਂ ਸੈਕਸ਼ਨ 486.7 ਅਧੀਨ ਕਿਸੇ ਪੀੜਤ ਜਾਂ ਗਵਾਹ ਦੀ ਸੁਰੱਖਿਆ ਦੀ ਰਾਖੀ ਕਰਨ ਲਈ ਆਰਡਰ ਲੈਣ ਬਾਰੇ ਗੌਰ ਕਰ ਸਕਦਾ ਹੈ। ਇਹਨਾਂ ਵਿੱਚੋਂ ਕੋਈ ਵੀ ਅਰਜ਼ੀ ਕਰਨ ਤੋਂ ਪਹਿਲਾਂ ਕਰਾਊਨ ਕੌਂਸਲ ਨੂੰ ਰੀਜਨਲ ਕਰਾਊਨ ਕੌਂਸਲ,

ਡਾਇਰੈਕਟਰ ਜਾਂ ਉਹਨਾਂ ਦੇ ਡਿਪਟੀਆਂ ਨਾਲ ਸਲਾਹ ਕਰਨੀ ਚਾਹੀਦੀ ਹੈ॥

## ਪ੍ਰਕਾਸ਼ਨਾ ’ਤੇ ਪਾਬੰਦੀ

ਸ਼ੁਰੂ ਵਿਚ ਹੀ ਕਰਾਊਨ ਕੌਂਸਲ ਨੂੰ ਸੈਕਸ਼ਨ 486.4 ਜਾਂ 486.5 ਅਧੀਨ ਅਜਿਹੀ ਜਾਣਕਾਰੀ ਨੂੰ ਛਾਪਣ ਦੀ ਮਨਾਹੀ ਕਰਨ ਲਈ ਆਰਡਰ ਲੈਣ ਲਈ ਅਰਜ਼ੀ ਕਰਨ ਬਾਰੇ ਗੌਰ ਕਰਨਾ ਚਾਹੀਦਾ ਹੈ, ਜਿਹੜੀ ਜਾਣਕਾਰੀ ਪੀੜਤ ਜਾਂ ਗਵਾਹ ਦੀ ਪਛਾਣ ਕਰ ਸਕਦੀ ਹੋਵੇ। ਕਰਾਊਨ ਕੌਂਸਲ ਨੂੰ ਪੀੜਤ ਜਾਂ ਗਵਾਹ ਨਾਲ ਇਹ ਜਾਣਨ ਲਈ ਸਲਾਹ-ਮਸ਼ਵਰਾ ਕਰਨ ਬਾਰੇ ਵਾਜਬ ਕਦਮ ਚੁੱਕਣੇ ਚਾਹੀਦੇ ਹਨ ਕਿ ਪੀੜਤ ਜਾਂ ਗਵਾਹ ਮਨਾਹੀ ਦਾ ਪਾਤਰ ਬਣਨਾ ਚਾਹੁੰਦਾ ਹੈ ਜਾਂ ਨਹੀਂ।

ਜੇ ਕਰਾਊਨ ਕੌਂਸਲ ਅਰਜ਼ੀ ਕਰਦਾ ਹੈ ਅਤੇ ਆਰਡਰ ਜਾਰੀ ਹੋ ਜਾਂਦਾ ਹੈ ਤਾਂ ਉਸ ਨੂੰ ਇਸ ਆਰਡਰ ਦੇ ਪਾਤਰ ਪੀੜਤ ਜਾਂ ਗਵਾਹ ਨੂੰ ਇਸ ਆਰਡਰ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ, ਇਹ ਪਤਾ ਕਰਨਾ ਚਾਹੀਦਾ ਹੈ ਕਿ ਕੀ ਪੀੜਤ ਜਾਂ ਗਵਾਹ ਆਰਡਰ ਦਾ ਪਾਤਰ ਬਣਨਾ ਚਾਹੁੰਦਾ ਹੈ ਜਾਂ ਨਹੀਂ ਅਤੇ ਉਹਨਾਂ ਨੂੰ ਆਰਡਰ ਨੂੰ ਰੱਦ ਕਰਾਉਣ ਜਾਂ ਉਸ ਵਿੱਚ ਤਬਦੀਲੀ ਕਰਾਉਣ ਦੇ ਉਹਨਾਂ ਦੇ ਹੱਕ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ (ਸੈਕਸ਼ਨ 486.5(8.2)। ਜੇ ਪੀੜਤ ਪ੍ਰਕਾਸ਼ਨਾ ’ਤੇ ਪਾਬੰਦੀ ਦੇ ਆਰਡਰ (ਪਬਲੀਕੇਸ਼ਨ ਬੈਨ ਆਰਡਰ) ਨੂੰ ਰੱਦ ਕਰਵਾਉਣ ਜਾਂ ਉਸ ਵਿੱਚ ਤਬਦੀਲੀ ਕਰਵਾਉਣ ਦੀ ਇੱਛਾ ਪ੍ਰਗਟ ਕਰਦਾ ਹੈ ਤਾਂ ਕਰਾਊਨ ਕੌਂਸਲ ਨੂੰ ਉਹਨਾਂ ਨੂੰ ਆਜ਼ਾਦ ਕਾਨੂੰਨੀ ਸਲਾਹ ਲੈਣ ਬਾਰੇ ਉਤਸ਼ਾਹਤ ਕਰਨਾ ਚਾਹੀਦਾ ਹੈ। ਕਰਾਊਨ ਕੌਂਸਲ ਨੂੰ ਪਾਬੰਦੀ ਵਿੱਚ ਤਬਦੀਲੀ ਕਰਨ ਜਾਂ ਰੱਦ ਕਰਨ ਦੀ ਅਰਜ਼ੀ ਲਈ ਸਹਿਮਤੀ ਦੇਣੀ ਚਾਹੀਦੀ ਹੈ, ਜੇ ਇਹ ਸਹੀ ਨਿਆਂ ਕਰਨ ਦੇ ਉਲਟ ਨਾ ਜਾਂਦੀ ਹੋਵੇ, ਸਮੇਤ ਇਸ ਗੱਲ ਦੇ ਕਿ ਇਹ ਕਿਸੇ ਹੋਰ ਪੀੜਤ ਜਾਂ ਗਵਾਹ ਦੀ ਪਛਾਣ ਦੀ ਸੁਰੱਖਿਆ ਦੇ ਆਰਡਰ ਨੂੰ ਪ੍ਰਭਾਵਿਤ ਨਾ ਕਰਦੀ ਹੋਵੇ। ਇਸ ਅਰਜ਼ੀ ਦਾ ਵਿਰੋਧ ਕਰਨ ਤੋਂ ਪਹਿਲਾਂ ਕਰਾਊਨ ਕੌਂਸਲ ਨੂੰ ਆਪਣੇ ਐਡਮਿਨਸਟ੍ਰੇਟਿਵ ਕਰਾਊਨ ਕੌਂਸਲ ਨਾਲ ਮਸ਼ਵਰਾ ਕਰਨਾ ਚਾਹੀਦਾ ਹੈ।

## **ਪੀੜਤ ’ਤੇ ਅਸਰ ਦੇ ਬਿਆਨ**

ਕਰਾਊਨ ਕੌਂਸਲ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਸਜ਼ਾ ਸੁਣਾਈ ਜਾਣ ਤੋਂ ਪਹਿਲਾਂ ਪੀੜਤ ਨੂੰ ਅਦਾਲਤ ਸਾਹਮਣੇ ਪੀੜਤ ਦੀ ਸਮਝ ਮੁਤਾਬਕ ਪੀੜਤ ਉੱਤੇ ਅਪਰਾਧ ਦੇ ਅਸਰ ਬਾਰੇ ਦਾਖਲ ਕਰਨ ਯੋਗ ਸਬੂਤ ਪੇਸ਼ ਕਰਨ ਦਾ ਵਾਜਬ ਮੌਕਾ ਮਿਲੇ। (*ਕ੍ਰਿਮੀਨਲ ਕੋਡ* ਸੈਕਸ਼ਨ 772; ਵੀ ਓ ਸੀ ਏ (VOCA), ਸੈਕਸ਼ਨ 4; ਸੀ ਵੀ ਬੀ ਆਰ, ਸੈਕਸ਼ਨ 15)। ਕਰਾਊਨ ਕੌਂਸਲ ਨੂੰ ਇਹ ਯਕੀਨੀ ਬਣਾਉਣ ਲਈ ਪੀੜਤ ’ਤੇ ਅਸਰ ਦੇ ਬਿਆਨ ਨੂੰ ਦੇਖਣਾ ਚਾਹੀਦਾ ਹੈ ਕਿ ਉਸ ਵਿੱਚ ਕੋਈ ਨਾ-ਦਾਖਲ ਕਰਨ ਯੋਗ ਸਮੱਗਰੀ ਨਾ ਹੋਵੇ।[1]

ਜੇ ਸਜ਼ਾ ਦੇਣ ਲਈ ਸੁਣਵਾਈ ਤੱਕ ਪੀੜਤ ਨੇ ਪੀੜਤ ’ਤੇ ਅਸਰ ਦਾ ਬਿਆਨ ਤਿਆਰ ਨਹੀਂ ਕੀਤਾ, ਪਰ ਉਹ ਇਹ ਕਰਨਾ ਚਾਹੁੰਦਾ ਹੈ, ਤਾਂ ਕਰਾਊਨ ਕੌਂਸਲ ਨੂੰ ਪੀੜਤ ਨੂੰ ਦੱਸਣਾ ਚਾਹੀਦਾ ਹੈ ਕਿ ਉਹ ਪੀੜਤ ’ਤੇ ਅਸਰ ਦਾ ਬਿਆਨ ਤਿਆਰ ਕਰਨ ਲਈ ਕਾਰਵਾਈ ਨੂੰ ਮੁਲਤਵੀ ਕਰਨ ਲਈ ਅਰਜ਼ੀ ਦੇ ਸਕਦਾ ਹੈ। ਜੇ ਅਜਿਹਾ ਕਰਨਾ ਸਹੀ ਹੋਵੇ ਤਾਂ ਕਰਾਊਨ ਕੌਂਸਲ ਮੁਲਤਵੀ ਕਰਨ ਲਈ ਅਰਜ਼ੀ ਦੇ ਸਕਦਾ ਹੈ। (ਸੈਕਸ਼ਨ 722 (3))।

ਕਰਾਊਨ ਕੌਂਸਲ ਨੂੰ ਪੀੜਤ ਤੋਂ ਪੁੱਛਣਾ ਚਾਹੀਦਾ ਹੈ ਕਿ ਉਹ ਅਦਾਲਤ ਨੂੰ ਪੀੜਤ ’ਤੇ ਅਸਰ ਦਾ ਆਪਣਾ ਬਿਆਨ ਕਿਸ ਤਰ੍ਹਾਂ ਦੇਣਾ ਚਾਹੁੰਦਾ ਹੈ ਅਤੇ ਜਦੋਂ ਸੰਭਵ ਹੋਵੇ ਉਦੋਂ ਇਹ ਸਜ਼ਾ ਲਈ ਸੁਣਵਾਈ ਤੋਂ ਪਹਿਲਾਂ ਕਰਨਾ ਚਾਹੀਦਾ ਹੈ। ਵਿਸ਼ਵਾਸ ਮੁਤਾਬਕ ਪੀੜਤਾਂ ਨੂੰ ਆਪਣਾ ਪੀੜਤ ਦਾ ਬਿਆਨ ਹੇਠਾਂ ਦਿੱਤੇ ਢੰਗਾਂ ਨਾਲ ਦੇਣ ਦੀ ਆਗਿਆ ਹੈ:

- ਲਿਖਤੀ ਰੂਪ ਵਿੱਚ ਦਾਖਲ ਕਰਕੇ
- ਸਜ਼ਾ ਦੀ ਸੁਣਵਾਈ ’ਤੇ ਪੜ੍ਹ ਕੇ, ਟੈਸਟੀਮੋਨੀਅਲ ਅਕਾਮੋਡੇਸ਼ਨ ਸਮੇਤ
- ਕਿਸੇ ਵੀ ਹੋਰ ਢੰਗ ਨਾਲ ਜਿਸ ਨੂੰ ਅਦਾਲਤ ਢੁਕਵਾਂ ਸਮਝਦੀ ਹੋਵੇ

---

1 *R v Bremner*, 2000 BCCA 345 at paras 22-23, 28

## ਨੁਕਸਾਨ ਦੀ ਪੂਰਤੀ

ਕਰਾਊਨ ਕੌਂਸਲ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੀੜਤ ਨੂੰ ਆਪਣੇ ਘਾਟਿਆਂ ਅਤੇ ਨੁਕਸਾਨ ਲਈ ਅਪਰਾਧੀ ਵਿਰੁੱਧ ਨੁਕਸਾਨ ਦੀ ਪੂਰਤੀ ਲਈ ਆਰਡਰ ਕਰਨ ਲਈ ਅਦਾਲਤ ਨੂੰ ਬੇਨਤੀ ਕਰਨ ਦੇ ਆਪਣੇ ਹੱਕ ਬਾਰੇ ਜਾਣਕਾਰੀ ਮਿਲੇ (ਸੀ ਵੀ ਬੀ ਆਰ ਸੈਕਸ਼ਨ 16; *ਕ੍ਰਿਮੀਨਲ ਕੋਡ*, ਸੈਕਸ਼ਨ 737.1(2))।

## ਕਮਿਊਨਿਟੀ ’ਤੇ ਅਸਰ ਦੇ ਬਿਆਨ

ਸਜ਼ਾ ਦੇਣ ਦੀ ਸੁਣਵਾਈ ਦੌਰਾਨ ਕਮਿਊਨਿਟੀ ’ਤੇ ਅਸਰ ਦੇ ਬਿਆਨ ਦੇਣ ਦੀ ਆਗਿਆ ਹੈ ਜੇ ਇਹ ਇਸ ਮਕਸਦ ਲਈ ਨਿਸ਼ਚਿਤ ਕੀਤੇ ਪ੍ਰੋਗਰਾਮ ਵਲੋਂ ਸਥਾਪਤ ਕੀਤੇ ਅਮਲਾਂ ਅਨੁਸਾਰ ਤਿਆਰ ਕੀਤਾ ਗਿਆ ਹੋਵੇ (ਸੈਕਸ਼ਨ 722.2(1))। ਮਨਿਸਟਰੀ ਆਫ ਪਬਲਿਕ ਸੇਫਟੀ ਐਂਡ ਸੌਲੀਸਟਰ ਜਨਰਲ ਕਮਿਊਨਿਟੀ ’ਤੇ ਅਸਰ ਦੇ ਬਿਆਨਾਂ ਲਈ ਜ਼ਿੰਮੇਵਾਰ ਹੈ।

## ਅਪੀਲਾਂ

ਜੇ ਬੀ ਸੀ ਪੀ ਐੱਸ ਕਿਸੇ ਫੈਸਲੇ ਦੀ ਅਪੀਲ ਕਰਨ ਦਾ ਫੈਸਲਾ ਕਰਦੀ ਹੈ ਜਾਂ ਜੇ ਬੀ ਸੀ ਪੀ ਐੱਸ ਨੂੰ ਅਪੀਲ ਬਾਰੇ ਨੋਟਿਸ ਮਿਲਦਾ ਹੈ, ਤਾਂ ਕਰਾਊਨ ਕੌਂਸਲ ਨੂੰ ਜਾਣਕਾਰੀ ਪ੍ਰਾਪਤ ਕਰਨ ਜਾਂ ਕਾਰਵਾਈਆਂ ਵਿੱਚ ਹਾਜ਼ਰ ਹੋਣ ਬਾਰੇ ਪੀੜਤ ਦੀ ਦਿਲਚਸਪੀ ਬਾਰੇ ਜਾਣਨ ਲਈ ਪੀੜਤ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇ ਪੀੜਤ ਕਾਰਵਾਈਆਂ ਬਾਰੇ ਜਾਣਕਾਰੀ ਲੈਣ ਲਈ ਬੇਨਤੀ ਕਰੇ ਤਾਂ ਕਰਾਊਨ ਕੌਂਸਲ ਨੂੰ ਪੀੜਤ ਨੂੰ ਅੱਗੇ ਦਿੱਤੀਆਂ ਚੀਜ਼ਾਂ ਬਾਰੇ ਦੱਸਣਾ ਚਾਹੀਦਾ ਹੈ:

- ਅਪੀਲ ਦੌਰਾਨ ਜ਼ਮਾਨਤ ਲਈ ਕੀਤੀ ਕਿਸੇ ਐਪਲੀਕੇਸ਼ਨ ਦੀ ਤਰੀਕ ਬਾਰੇ ਤਾਂ ਜੋ ਪੀੜਤ ਜ਼ਮਾਨਤ ਨਾਲ ਸੰਬੰਧਿਤ ਕੋਈ ਟਿੱਪਣੀਆਂ ਪ੍ਰਦਾਨ ਕਰ ਸਕੇ

- ਜ਼ਮਾਨਤ ਦੀ ਕਿਸੇ ਐਪਲੀਕੇਸ਼ਨ ਦੇ ਨਤੀਜੇ ਬਾਰੇ, ਅਤੇ ਜੇ ਢੁਕਵਾਂ ਹੋਵੇ ਤਾਂ ਆਰਡਰ ਦੀ ਕਾਪੀ ਪੀੜਤ ਨੂੰ ਦੇਣੀ ਚਾਹੀਦੀ ਹੈ

- ਅਪੀਲ ਦੀ ਤਰੀਕ ਬਾਰੇ ਅਤੇ ਕਿਸੇ ਅਜਿਹੀ ਪੇਸ਼ੀ ਦੀ ਤਰੀਕ ਬਾਰੇ ਜਿਸ ਦਿਨ ਅਪੀਲ ਦਾ ਅੰਤਿਮ ਨਿਪਟਾਰਾ ਹੋਣ ਜਾਂ ਅਪੀਲ ਕਰਨ ਵਾਲੇ ਦੀ ਜ਼ਮਾਨਤ, ਡਰਾਈਵਿੰਗ ਦੇ ਵਿਸ਼ੇਸ਼ ਅਧਿਕਾਰਾਂ ਜਾਂ ਪ੍ਰੋਬੇਸ਼ਨ ਆਰਡਰ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਦੀ ਜ਼ਿੰਮੇਵਾਰੀ ਵਿੱਚ ਤਬਦੀਲੀ ਹੋਣ ਦੀ ਸੰਭਾਵਨਾ ਹੋਵੇ

- ਜੇ ਨਵਾਂ ਮੁਕੱਦਮਾ ਚਲਾਉਣ ਦਾ ਆਰਡਰ ਹੋਇਆ ਹੋਵੇ, ਤਾਂ ਉਸ ਕਰਾਊਨ ਕੌਂਸਲ ਦੇ ਦਫਤਰ ਬਾਰੇ ਸੰਪਰਕ ਜਾਣਕਾਰੀ ਜਿਹੜਾ ਦਫਤਰ ਨਵੇਂ ਮੁਕੱਦਮੇ ਦਾ ਬੰਦੋਬਸਤ ਕਰੇਗਾ

## ਆਦਿਵਾਸੀ ਵਿਅਕਤੀ

ਵੱਖ ਵੱਖ ਸਰਕਾਰੀ ਕਮਿਸ਼ਨਾਂ ਅਤੇ ਰਿਪੋਰਟਾਂ, ਅਤੇ ਇਸ ਦੇ ਨਾਲ ਨਾਲ ਕੈਨੇਡਾ ਦੀ ਸੁਪਰੀਮ ਕੋਰਟ ਦੇ ਫੈਸਲਿਆਂ ਨੇ ਇਹ ਸਵੀਕਾਰ ਕੀਤਾ ਹੈ ਕਿ ਆਦਿਵਾਸੀ ਵਿਅਕਤੀਆਂ ਵਲੋਂ ਝੱਲਿਆ ਗਿਆ ਵਿਤਕਰਾ, ਭਾਵੇਂ ਇਹ ਸਪਸ਼ਟ ਤੌਰ ’ਤੇ ਨਸਲੀ ਵਤੀਰਿਆਂ ਜਾਂ ਸਭਿਆਚਾਰਕ ਤੌਰ ’ਤੇ ਅਣਉਚਿਤ ਤਰੀਕਿਆਂ ਦਾ ਨਤੀਜਾ ਹੋਵੇ, ਕ੍ਰਿਮੀਨਲ ਜਸਟਿਸ ਸਿਸਟਮ ਦੇ ਸਾਰੇ ਹਿੱਸਿਆਂ ਤੱਕ ਫੈਲਿਆ ਹੋਇਆ ਹੈ।

ਕੈਨੇਡਾ ਵਿਚ ਬਸਤੀਵਾਦ, ਥਾਂ-ਬਦਲੀ ਅਤੇ ਰੈਜ਼ੀਡੈਂਸ਼ਲ ਸਕੂਲਾਂ ਦੇ ਇਤਿਹਾਸ ਦਾ ਮਤਲਬ ਆਦਿਵਾਸੀ ਲੋਕਾਂ ਲਈ ਪੜ੍ਹਾਈ ਵਿਚ ਘੱਟ ਸਫਲਤਾ, ਘੱਟ ਆਮਦਨਾਂ, ਜ਼ਿਆਦਾ ਬੇਰੁਜ਼ਗਾਰੀ, ਨਸ਼ਿਆਂ ਦੀ ਵਰਤੋਂ ਅਤੇ ਖੁਦਕੁਸ਼ੀ ਦੀਆਂ ਜ਼ਿਆਦਾ ਦਰਾਂ ਅਤੇ ਜੇਲ੍ਹ ਜਾਣ

ਦੇ ਜ਼ਿਆਦਾ ਪੱਧਰ ਹਨ।[2] ਇਸ ਦੇ ਨਾਲ ਹੀ, ਆਦਿਵਾਸੀ ਲੋਕਾਂ ਵਿਚ ਜੁਰਮਾਂ ਦਾ ਸ਼ਿਕਾਰ ਹੋਣ ਦੀਆਂ ਦਰਾਂ, ਖਾਸ ਕਰਕੇ ਆਦਿਵਾਸੀ ਔਰਤਾਂ ਅਤੇ ਕੁੜੀਆਂ ਲਈ, ਗੈਰ-ਆਦਿਵਾਸੀ ਲੋਕਾਂ ਲਈ ਦਰਾਂ ਨਾਲੋਂ ਕਿਤੇ ਜ਼ਿਆਦਾ ਹਨ।[3]

ਕੈਨੇਡਾ ਵਿਚ ਆਦਿਵਾਸੀ ਲੋਕਾਂ ਲਈ ਬਸਤੀਵਾਦ ਦੇ ਜਾਰੀ ਰਹਿਣ ਵਾਲੇ ਸਿੱਟਿਆਂ ਦਾ "ਆਦਿਵਾਸੀ ਲੋਕਾਂ 'ਤੇ ਅਸਰ ਪਾਉਣ ਵਾਲੇ ਵਿਲੱਖਣ ਸਿਸਟਮਬੱਧ ਅਤੇ ਪਿਛੋਕੜ ਦੇ ਪੱਖਾਂ ਅਤੇ ਉਨ੍ਹਾਂ ਦੀਆਂ ਬੁਨਿਆਦੀ ਵੱਖਰੀਆਂ ਸਭਿਆਚਾਰਕ ਰਵਾਇਤਾਂ ਅਤੇ ਦੁਨੀਆ ਪ੍ਰਤੀ ਦ੍ਰਿਸ਼ਟੀਕੋਣਾਂ ਨੂੰ ਧਿਆਨ ਵਿਚ ਰੱਖ ਕੇ ਹੱਲ ਕੀਤਾ ਜਾਣਾ ਜ਼ਰੂਰੀ ਹੈ।"[4]

ਕੈਨੇਡਾ ਦੀ ਸੁਪਰੀਪ ਕੋਰਟ ਨੇ ਜਿਵੇਂ ਕਿਹਾ ਹੈ:

*"ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਦਿਵਾਸੀ ਲੋਕਾਂ – ਅਤੇ ਖਾਸ ਕਰਕੇ ਆਦਿਵਾਸੀ ਔਰਤਾਂ, ਕੁੜੀਆਂ ਅਤੇ ਸੈਕਸ ਵਰਕਰਾਂ – ਨਾਲ ਗੰਭੀਰ ਬੇਇਨਸਾਫੀਆਂ ਹੋਈਆਂ ਹਨ, ਜਿਹਨਾਂ ਵਿੱਚ ਔਰਤਾਂ ਵਿਰੁੱਧ ਲਿੰਗਕ ਹਿੰਸਾ ਦੀਆਂ ਉੱਚੀਆਂ ਦਰਾਂ ਵੀ ਸ਼ਾਮਲ ਹਨ... ਸਾਡੇ ਕ੍ਰਿਮੀਨਲ ਜਸਟਿਸ ਸਿਸਟਮ ਅਤੇ ਇਸ ਵਿੱਚ ਸ਼ਾਮਲ ਸਾਰੇ ਲੋਕਾਂ ਨੂੰ ਆਦਿਵਾਸੀ ਲੋਕਾਂ, ਅਤੇ ਖਾਸ ਕਰਕੇ ਆਦਿਵਾਸੀ ਔਰਤਾਂ ਅਤੇ ਸੈਕਸ ਵਰਕਰਾਂ, ਵਿਰੁੱਧ ਹੋਣ ਵਾਲੇ ਸਿਸਟਮਬੱਧ ਪੱਖਪਾਤਾਂ, ਵਿਤਕਰਿਆਂ ਅਤੇ ਪੂਰਵ ਧਾਰਨਾਵਾਂ ਨਾਲ ਸਿੱਧੀ ਤਰ੍ਹਾਂ ਨਿਪਟਣ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ।"*[5]

ਕਰਾਊਨ ਕੌਂਸਲ ਨੂੰ ਸਮਝਣਾ ਚਾਹੀਦਾ ਹੈ ਕਿ ਉਹਨਾਂ ਕੇਸਾਂ ਵਿੱਚ ਮੁਕੱਦਮਾ ਚਲਾਉਣ ਦਾ ਜ਼ੋਰਦਾਰ ਜਨਤਕ ਹਿੱਤ ਹੈ ਜਿਹਨਾਂ ਕੇਸਾਂ ਵਿੱਚ ਆਦਿਵਾਸੀ ਔਰਤਾਂ ਅਤੇ ਕੁੜੀਆਂ ਸ਼ਾਮਲ ਹੋਣ। ਫਿਰ ਵੀ, ਢੁਕਵੇਂ ਕੇਸਾਂ ਵਿੱਚ, *ਅਲਟਰਨੇਟਿਵ ਟੂ ਪ੍ਰੌਸੀਕਿਊਸ਼ਨ-ਅਡਲਟਸ* (ALT 1) ਅਤੇ *ਯੂਥ ਕ੍ਰਿਮੀਨਲ ਜਸਟਿਸ ਐਕਟ-ਐਕਸਟਰਾਜੁਡੀਸ਼ੀਅਲ ਮਈਅਰਜ਼* (YOU 1.4) ਦੀਆਂ ਪਾਲਸੀਆਂ ਅਨੁਸਾਰ ਮੁਕੱਦਮਾ ਚਲਾਉਣ ਦੀ ਥਾਂ ਬਦਲਵੇਂ ਤਰੀਕਿਆਂ 'ਤੇ ਗੌਰ ਕੀਤਾ ਜਾ ਸਕਦਾ ਹੈ, ਖਾਸ ਕਰਕੇ ਉਦੋਂ ਜਦੋਂ ਰਵਾਇਤ ਜਾਂ ਸਭਿਆਚਾਰ ਆਧਾਰਤ ਆਦਿਵਾਸੀ ਪ੍ਰੋਗਰਾਮ ਉਪਲਬਧ ਹੋਣ।

ਕਰਾਊਨ ਕੌਂਸਲ ਨੂੰ ਆਦਿਵਾਸੀ ਲੋਕਾਂ ਦੀਆਂ ਵਿਲੱਖਣ ਰਵਾਇਤਾਂ, ਕਾਨੂੰਨਾਂ ਅਤੇ ਨਿਯਮਾਂ ਦਾ ਧਿਆਨ ਰੱਖਦਿਆਂ ਇਹ ਪਤਾ ਕਰਨਾ ਚਾਹੀਦਾ ਹੈ ਕਿ ਕੀ ਆਦਿਵਾਸੀ ਪੀੜਤ ਲਈ ਕੋਈ ਸਭਿਆਚਾਰਕ ਮਦਦ ਉਪਲਬਧ ਹੈ।

ਆਦਿਵਾਸੀ ਪੀੜਤ ਬਸਤੀਵਾਦ ਦੇ ਅਸਰਾਂ ਜਾਂ ਭੂਗੋਲਿਕ ਅੱਡਰੇਪਣ ਕਰਕੇ ਖਾਸ ਤੌਰ 'ਤੇ ਕਮਜ਼ੋਰ ਹੋ ਸਕਦੇ ਹਨ ਅਤੇ ਉਹਨਾਂ ਨੂੰ ਸਭਿਆਚਾਰਕ ਤੌਰ 'ਤੇ ਢੁਕਵੀਂਆਂ ਵਿਕਟਿਮ ਸਰਵਿਸਜ਼ ਤੋਂ ਫਾਇਦਾ ਹੋ ਸਕਦਾ ਹੈ।

ਆਦਿਵਾਸੀ ਪੀੜਤਾਂ ਦੇ ਮੁਕੱਦਮਿਆਂ ਵਿੱਚ, ਕਰਾਊਨ ਕੌਂਸਲ ਨੂੰ ਜੱਜਾਂ ਨੂੰ ਆਦਿਵਾਸੀ ਵਿਅਕਤੀਆ ਵਿਰੁੱਧ ਹੁੰਦੇ ਵਿਤਕਰੇ ਦਾ ਮੁਕਾਬਲਾ ਕਰਨ ਲਈ ਸਪਸ਼ਟ ਹਿਦਾਇਤਾਂ ਦੇਣ ਦੀ ਬੇਨਤੀ ਕਰਨ ਬਾਰੇ ਗੌਰ ਕਰਨਾ ਚਾਹੀਦਾ ਹੈ।[6] ਕਰਾਊਨ ਕੌਂਸਲ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਸਜ਼ਾ ਦੇਣ ਬਾਰੇ ਉਹਨਾਂ ਦੀਆਂ ਪੁਜੀਸ਼ਨਾਂ ਸਾਡੇ ਸਮਾਜ ਵਿੱਚ ਆਦਿਵਾਸੀ ਵਿਅਕਤੀਆਂ ਵਿਰੁੱਧ ਹਿੰਸਾ ਅਤੇ ਨਫਰਤ ਦੀ ਸਮੱਸਿਆ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦੀਆਂ ਹੋਣ ਅਤੇ ਜਦੋਂ ਢੁਕਵਾਂ ਹੋਵੇ ਉਦੋਂ ਸਜ਼ਾ ਦੀ ਸੁਣਵਾਈ ਦੌਰਾਨ ਅਦਾਲਤ ਅੱਗੇ ਸੈਕਸ਼ਨ 718.04 ਅਤੇ 718.201 ਦੇ ਲਾਗੂ ਹੋਣ ਬਾਰੇ ਬੇਨਤੀਆਂ ਕਰਨੀਆਂ ਚਾਹੀਦੀਆਂ ਹਨ।

2 *R v Ipeelee*, 2012 SCC 13
3 *Victimization of Aboriginal People in Canada, 2014*, Statistics Canada, 2016
4 *Ewert v Canada*, 2018 SCC 30 at paras 57-58; *R v Barton*, 2019 SCC 33 at paras 198-200, also *BC First Nations Justice Strategy*, February 2020
5 *R v Barton*, 2019 SCC 33 at paras 198 and 200
6 *R v Barton*, 2019 SCC 33 at paras 200-204